

# Maternal & Child Health Block Grant

## ਸਾਰੰਸ਼
2022 ਬੇਨਤੀ ਪੱਤਰ ਅਤੇ 2020 ਰਿਪੋਰਟ

ਅਗਸਤ 2021

Washington State Department of Health

ਇਸ ਦਸਤਾਵੇਜ ਦੀ ਦੂਜੇ ਫਾਰਮੈਟ ਵਿੱਚ ਬੇਨਤੀ ਕਰਨ ਲਈ, 1-800-525-0127 'ਤੇ ਕਾਲ ਕਰੋ। ਬੋਲ਼ੇ ਜਾਂ ਸੁਣਨ ਵਿੱਚ ਮੁਸ਼ਕਲ ਵਾਲੇ ਗਾਹਕ, ਕਿਰਪਾ ਕਰਕੇ 711 (Washington Relay) 'ਤੇ ਕਾਲ ਕਰੋ ਜਾਂ civil.rights@doh.wa.gov 'ਤੇ ਈਮੇਲ ਕਰੋ

**ਪ੍ਰਕਾਸ਼ਨ ਨੰਬਰ**

DOH 141-/26 August 1/10 Punjabi

ਹੋਰ ਜਾਣਕਾਰੀ ਜਾਂ ਇਸ ਰਿਪੋਰਟ ਦੀਆਂ ਵਾਧੂ ਕਾਪੀਆਂ ਲਈ:

Division of Prevention and Community Health (ਰੋਕਥਾਮ ਅਤੇ ਭਾਈਚਾਰਾ ਸਿਹਤ ਵਿਭਾਗ)

Office of Family and Community Health Improvement (ਪਰਿਵਾਰ ਅਤੇ ਭਾਈਚਾਰਾ ਸਿਹਤ ਸੁਧਾਰ ਦਾ ਦਫ਼ਤਰ)

ਡਾਕ ਬਕਸਾ 47855

ਓਲੰਪੀਆ, ਵਾਸ਼ਿੰਗਟਨ 98504-7855

360-236-4501

800-525-0127

ohc@doh.wa.gov

Umair Shah, MD, MPH

ਸਿਹਤ ਸਕੱਤਰ

## Maternal and Child Health Services Block Grant (ਮਾਨਸਿਕ ਅਤੇ ਬੱਚਿਆਂ ਦੀ ਸਿਹਤ ਸੇਵਾਵਾਂ ਸੰਬੰਧੀ ਬਲੌਕ ਗ੍ਰਾਂਟ) ਬਾਰੇ

Department of Health (DOH+ਸਿਹਤ ਵਿਭਾਗ) ਔਰਤਾਂ, ਨਵਜਾਤਾਂ, ਬੱਚਿਆਂ, ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਸਿਹਤ ਵਿੱਚ ਸੁਧਾਰ ਕਰਨ ਲਈ Washington ਸਟੇਟ ਵਿੱਚ ਭਾਗੀਦਾਰਾਂ ਨਾਲ ਕੰਮ ਕਰਦਾ ਹੈ।

ਰਾਜ ਅਤੇ ਸੰਘੀ ਵਿੱਤ ਪੋਸ਼ਣ ਦੇ ਵੱਖ-ਵੱਖ ਕਿਸਮ ਦੇ ਸਰੋਤ ਸਾਡੇ ਜੱਚਾ ਅਤੇ ਬੱਚਾ ਸਿਹਤ ਪ੍ਰੋਗਰਾਮ ਕਾਰਜ ਦਾ ਸਮਰਥਨ ਕਰਦੇ ਹਨ। Maternal and Child Health Block Grant (ਮਾਨਸਿਕ ਅਤੇ ਬੱਚਿਆਂ ਦੀ ਸਿਹਤ ਸੰਬੰਧੀ ਬਲੌਕ ਗ੍ਰਾਂਟ) ਜ਼ਰੂਰੀ ਵਿੱਤੀ ਅਤੇ ਤਕਨੀਕੀ ਸਹਿਯੋਗ ਪ੍ਰਦਾਨ ਕਰਦਾ ਹੈ। ਸੰਘੀ ਵਿੱਤੀ ਸਾਲ 2020 ਵਿੱਚ, ਵਾਸ਼ਿੰਗਟਨ ਰਾਜ ਨੂੰ ਇਸ ਪ੍ਰੋਗਰਾਮ ਦੇ ਰਾਹੀਂ ਲਗਭਗ $8.8 ਮਿਲਿਅਨ ਡਾਲਰ ਦਾ ਵਿੱਤ ਪੋਸ਼ਣ ਪ੍ਰਾਪਤ ਹੋਇਆ।

ਹਰੇਕ ਸਾਲ ਇਹ ਗ੍ਰਾਂਟ ਪ੍ਰਾਪਤ ਕਰਨ ਲਈ, DOHਦਾ Office of Family and Community Health Improvement (ਪਰਿਵਾਰ ਅਤੇ ਭਾਈਚਾਰਾ ਸਿਹਤ ਸੁਧਾਰ ਦਾ ਦਫ਼ਤਰ)+U.S. Department of Health and Human Services (ਯੂ.ਐੱਸ ਡਿਪਾਰਟਮੈਂਟ ਔਫ਼ ਹੈਲਥ ਐਂਡ ਹਿਊਮਨ ਸਰਵੀਸਿਜ(, Health Resources and Services Administration (ਹੈਲਥ ਰਿਸੋਰਸਿਜ ਐਂਡ ਸਰਵੀਸਿਜ ਐਡਮਿਨਿਸਟ੍ਰੇਸ਼ਨ(, Maternal and Child Health Bureau ' ਮੈਂਟਲ ਐਂਡ ਚਾਈਲਡ ਹੈਲਥ ਬਿਊਰੋ) ਨੂੰ ਬੇਨਤੀਪੱਤਰ ਸੁਪਰਦ ਕਰਦਾ ਹੈ ਅਤੇ ਰਿਪੋਰਟ ਕਰਦਾ ਹੈ। ਬੇਨਤੀ ਪੱਤਰ ਵਿੱਚ ਇਹ ਸ਼ਾਮਲ ਹੈ:

- ਕੁੱਝ ਰਾਸ਼ਟਰੀ ਅਤੇ ਰਾਜ ਪੱਧਰੀ ਪ੍ਰਦਰਸ਼ਨ ਮਾਪਦੰਡਾਂ ‘ਤੇ ਡੇਟਾ,
- ਇੱਕ ਬਜ਼ਟ ਸਾਰੰਸ਼, ਅਤੇ
- ਅਤੀਤ, ਵਰਤਮਾਨ ਅਤੇ ਪਲਾਨ ਕੀਤੀਆਂ ਸਰਗਰਮੀਆਂ ‘ਤੇ ਰਿਪੋਰਟ।

**ਬਲੌਕ ਗ੍ਰਾਂਟ ਫੰਡਾਂ ਲਈ ਮੌਜੂਦਾ ਰਣਨੀਤੀਆਂ**

ਇਸ ਸਾਲ ਦੀ ਗ੍ਰਾਂਟ ਲਈ, DOH ਨੇ ਅਜਿਹੀਆਂ ਰਣਨੀਤੀਆਂ ਦੀ ਪਛਾਣ ਕੀਤੀ ਹੈ ਜੋ ਸਾਨੂੰ ਵਿਸ਼ਵਾਸ ਹੈ ਕਿ ਸਾਡੇ ਰਾਜ ਦੇ ਜੱਚਾ ਅਤੇ ਬੱਚਾ ਸਿਹਤ ਆਬਾਦੀ ਦੇ ਪੰਜ ਖੇਤਰਾਂ ਵਿੱਚੋਂ ਹਰੇਕ ਨੂੰ ਸਰਵੋਤਮ ਸੇਵਾ ਪ੍ਰਦਾਨ ਕਰੇਗਾ। ਇਹਨਾਂ ਰਣਨੀਤੀਆਂ ਦੀ ਪਛਾਣ ਕਰਨ ਲਈ, DOH:

- ਹਰ ਆਬਾਦੀ ਦੀ ਜ਼ਰੂਰਤ ਦਾ ਮੁਲਾਂਕਣ ਕੀਤਾ ਹੈ,
- DOH ਅਤੇ ਇਸ ਦੇ ਕਈ ਭਾਗੀਦਾਰਾਂ ਦੀ ਸਮਰੱਥਾ 'ਤੇ ਵਿਚਾਰ ਕੀਤਾ ਹੈ,
- ਭਾਗੀਦਾਰਾਂ ਦੇ ਨਾਲ ਉਹਨਾਂ ਦੇ ਹੱਕਾਂ ਅਤੇ ਤਰਜੀਹਾਂ ਬਾਰੇ ਸਲਾਹ ਕੀਤੀ ਹੈ,
- 2020 ਜ਼ਰੂਰਤਾਂ ਸੰਬੰਧੀ ਮੁਲਾਂਕਣ ਵਿੱਚ ਜਨਤਕ ਫੀਡਬੈਕ ਇਕੱਠਾ ਕੀਤਾ ਹੈ, ਅਤੇ
- ਸੰਘੀ ਜ਼ਰੂਰਤਾਂ ਅਤੇ ਮੌਜੂਦਾ ਵਾਸ਼ਿੰਗਟਨ ਰਾਜ ਦੀ ਰਣਨੀਤਿਕ ਪਲਾਨਾਂ ਅਤੇ ਤਰਜੀਹਾਂ 'ਤੇ ਵਿਚਾਰ ਕੀਤਾ ਹੈ।

ਇਸ ਵਿਸ਼ਲੇਸ਼ਨ ਦੇ ਆਧਾਰ 'ਤੇ ਅਤੇ ਗ੍ਰਾਂਟ ਦੀ ਜ਼ਰੂਰਤ ਅਨੁਸਾਰ, DOH ਨੇ ਇਸ ਪੰਜ ਸਾਲਾਂ ਗ੍ਰਾਂਟ ਚੱਕਰ (1 ਅਕਤੂਬਰ, 2020-30 ਸਤੰਬਰ, 2025) ਲਈ ਰਾਸ਼ਟਰੀ ਪ੍ਰਦਰਸ਼ਨ ਮਾਪਦੰਡਾਂ ਨੂੰ ਚੁਣਿਆ ਹੈ। ਇਹ ਮਾਪਦੰਡ ਨਾਲ Washington ਵਿੱਚ ਜੱਚਾ ਅਤੇ ਬੱਚਾ ਸਿਹਤ ਆਬਾਦੀ ਦੇ ਸਿਹਤ ਅਤੇ ਕਲਿਆਣ ਵਿੱਚ ਸਭ ਤੋਂ ਵੱਧ ਪ੍ਰਭਾਵੀ ਢੰਗ ਨਾਲ ਸੁਧਾਰ ਹੋਣਾ ਚਾਹੀਦਾ ਹੈ। ਇਹ ਹਨ:

| **ਰਾਸ਼ਟਰੀ ਪ੍ਰਦਰਸ਼ਨ ਮਾਪਦੰਡ** | **ਆਬਾਦੀ ਸੰਬੰਧੀ ਖੇਤਰ** |
|---|---|
| ਵੈੱਲ ਵੂਮੈਨ ਵਿਜ਼ਿਟ | ਔਰਤ/ ਜੱਚਾ ਸਿਹਤ |
| ਬ੍ਰੈਸਟਫੀਡਿੰਗ | ਨਵਜਾਤ/ ਜਾਪੇ ਦੌਰਾਨ ਸਿਹਤ |
| ਡਿਵੈਲਪਮੈਂਟਲ ਸਕ੍ਰੀਨਿੰਗ | ਬੱਚਾ ਸਿਹਤ |
| ਐਡੋਲਸੈਂਟ ਵੈੱਲ ਵਿਜ਼ਿਟ | ਐਡੋਲਸੈਂਟ ਸਿਹਤ |

| | |
|---|---|
| ਮੈਡੀਕਲ ਹੋਮ ਅਤੇ ਉਚਿਤ ਬੀਮਾ | ਖਾਸ ਸਿਹਤ ਸੰਭਾਲ ਸੰਬੰਧੀ ਜ਼ਰੂਰਤਾਂ ਵਾਲੇ ਬੱਚੇ |

ਅਸੀਂ ਉਹਨਾਂ ਰਾਜ ਪ੍ਰਦਰਸ਼ਨ ਮਾਪਦੰਡਾਂ ਨੂੰ ਵੀ ਸ਼ਾਮਲ ਕਰਦੇ ਹਾਂ ਜੋ ਇਸ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ:

- ਤਣਾਅ ਘੱਟ ਕਰਨ ਅਤੇ ਵਿਵਹਾਰ ਅਤੇ ਮਾਨਸਿਕ ਸਿਹਤ ਸੰਭਾਲ ਤੱਕ ਪਹੁੰਚ ਨੂੰ ਵਧਾਉਣ,
- ਅੱਲ੍ਹੜਾਂ ਲਈ ਸਕਾਰਾਤਮਕ ਬਾਲਗ ਸਲਾਹਕਾਰ,
- ਅੱਲ੍ਹੜਾਂ ਨੂੰ ਅਲਕੋਹਲ ਦੀ ਵਰਤੋਂ ਤੋਂ ਰੋਕਣਾ,
- ਸਿਹਤ ਸੰਭਾਲ ਸੇਵਾਵਾਂ ਦੀ ਸਮਰੱਥਾ ਅਤੇ ਉਹਨਾਂ ਤੱਕ ਪਹੁੰਚ, ਅਤੇ
- ਅਗਲੀਆਂ ਜੱਚਾ ਅਤੇ ਬੱਚਾ ਸਿਹਤ ਸੰਬੰਧੀ ਜ਼ਰੂਰਤਾਂ ਦੇ ਮੁਲਾਂਕਣ ਦੀ ਤਿਆਰੀ।

## ਹੈਲਥ ਇਕਿਉਟੀ ਫੋਕਸ

ਕਿਉਂਕਿ ਗ੍ਰਾਂਟ ਪ੍ਰੋਗਰਾਮ ਘੱਟ ਆਮਦਨੀ ਵਾਲੇ ਜਾਂ ਸਿਹਤ ਸੇਵਾਵਾਂ ਤੱਕ ਸੀਮਿਤ ਪਹੁੰਚ ਵਾਲੇ ਲੋਕਾਂ ਦੀ ਮਦਦ ਕਰਨ 'ਤੇ ਕੇਂਦ੍ਰਿਤ ਹੈ, ਇਹ ਸਿਹਤ ਇਕਿਉਟੀ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਰਾਜ ਦੇ ਕੰਮ ਦਾ ਸਮਰਥਨ ਕਰਦਾ ਹੈ। ਉਦਾਹਰਨ ਲਈ, ਇਹ ਸਕੂਲ-ਆਧਾਰਿਤ ਸਿਹਤ ਕੇਂਦਰਾਂ ਦੇ ਨਾਲ ਸਾਡੇ ਕੰਮ ਦਾ ਸਮਰਥਨ ਕਰਦਾ ਹੈ। ਇਹ ਕੇਂਦਰ ਨਿਯਮਿਤ ਸਿਹਤ ਸੰਭਾਲ ਪ੍ਰਾਪਤ ਕਰਨ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਨ ਵਾਲੇ ਨੌਜਵਾਨਾਂ ਲਈ ਸਿਹਤ ਸੰਭਾਲ ਨੂੰ ਵੱਧ ਪਹੁੰਚਯੋਗ ਬਣਾਉਂਦੇ ਹਨ।

ਸਾਡਾ ਕੰਮ ਇਕਿਉਟੀ, ਸੀਮਿਤ ਸੇਵਾ ਪਹੁੰਚ ਵਾਲੀ ਆਬਾਦੀ ਅਤੇ ਜਿੱਥੇ ਜ਼ਰੂਰਤ ਹੋਵੇ, ਦੇ ਮੁੱਦਿਆਂ 'ਤੇ ਕੇਂਦ੍ਰਿਤ ਹੈ। ਅਸੀਂ ਭਾਈਚਾਰਾ-ਸੰਚਾਲਿਤ ਸਮਾਧਾਨਾਂ ਦਾ ਸਮਰਥਨ ਕਰਦੇ ਹਾਂ, ਅਤੇ ਅਸੀਂ ਉਹਨਾਂ ਸਿਸਟਮ ਸੁਧਾਰਾਂ 'ਤੇ ਧਿਆਨ ਕੇਂਦ੍ਰਿਤ ਕਰਦੇ ਹਾਂ ਜਿੰਨ੍ਹਾਂ ਦਾ ਅਸਮਾਨਤਾਵਾਂ ਨਾਲ ਸਿੱਧਾ ਸੰਬੰਧ ਹੁੰਦਾ ਹੈ। ਸਾਡਾ ਕੰਮ ਖਾਸ ਤੌਰ 'ਤੇ ਕਾਲੇ ਅਤੇ ਅਫ਼ਰੀਕੀ ਅਮਰੀਕੀ ਅਤੇ ਅਮਰੀਕੀ ਭਾਰਤੀ/ ਅਲਾਸਕਾ ਮੂਲ ਦੇ ਲੋਕਾਂ ਦੇ ਜਨਮ ਨਤੀਜਿਆਂ ਵਿੱਚ ਸੁਧਾਰ 'ਤੇ ਜ਼ੋਰ ਦਿੰਦਾ ਹੈ।

ਅਸੀਂ ਉਹਨਾਂ ਅੰਤਰਾਲਾਂ ਦੀ ਪਛਾਣ ਵੀ ਕਰਦੇ ਹਾਂ ਜਿੱਥੇ ਸੇਵਾਵਾਂ ਦੀ ਮੰਗ ਸਪਲਾਈ ਨਾਲੋਂ ਵੱਧ ਹੋਵੇ। ਇਸ ਵਿੱਚ ਪੇਂਡੂ ਖੇਤਰਾਂ ਵਿੱਚ ਜਾਪਿਆਂ ਦੌਰਾਨ ਅਤੇ ਆਨੁਵਾਂਸ਼ਿਕ ਸੇਵਾਵਾਂ ਸ਼ਾਮਲ ਹਨ। ਅਸੀਂ ਉਹਨਾਂ ਖੇਤਰਾਂ ਵਿੱਚ ਬਿਹਤਰ ਸੇਵਾ ਦੇਣ ਲਈ ਪ੍ਰਦਾਤਿਆਂ ਨਾਲ ਰਜਾਮੰਦੀ ਕਰਦੇ ਹਾਂ।

ਇਹ ਸਾਰੇ ਕਾਰਜ ਸਾਨੂੰ ਸਾਡੇ ਲਈ ਇਕਿਉਟੀ ਅਤੇ ਸਰਵੋਤਮ ਸਿਹਤ ਦੇ DOH ਦੇ ਦ੍ਰਿਸ਼ਟੀਕੋਣ ਨੂੰ ਪੂਰਾ ਕਰਨ ਦੇ ਨੇੜੇ ਲੈ ਕੇ ਆਉਂਦੇ ਹਨ।

## ਵਰਤਮਾਨ ਗ੍ਰਾਂਟ ਬੇਨਤੀ ਪੱਤਰ ਬਾਰੇ ਹੋਰ ਜਾਣੋ

- ਹੋਰ ਜਾਣਨ ਲਈ, ਪੂਰਾ ਦਸਤਾਵੇਜ਼ ਡਾਊਨਲੋਡ ਕਰੋ: Washington State Maternal and Child Health Block Grant Federal Fiscal Year 2022 Application and Federal Fiscal Year 2020 Annual Report (PDF, 414 ਪੰਨੇ, ਸਿਰਫ਼ ਅੰਗ੍ਰੇਜ਼ੀ)।
- ਜੇਕਰ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ ਜਾਂ ਕੋਈ ਟਿੱਪਣੀਆਂ ਦੇਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ OHC@doh.wa.gov ਤੇ ਸੰਪਰਕ ਕਰੋ ਜਾਂ 360-236-4501 (ਲੋਕਲ) ਜਾਂ 800-525-0127 (ਟੋਲ ਫ੍ਰੀ) 'ਤੇ ਕਾਲ ਕਰੋ।